# Fifth Round of India-Azerbaijan Foreign Office Consultations (November 28, 2022)

November 29, 2022

## ਭਾਰਤ ਅਤੇ ਅਜ਼ਰਬੇਜਾਨ ਦੇ ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ ਦਾ ਪੰਜਵਾਂ ਦੌਰ (28 ਨਵੰਬਰ, 2022)

**29 ਨਵੰਬਰ, 2022**

ਭਾਰਤ ਅਤੇ ਅਜ਼ਰਬੇਜਾਨ ਦੇ ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ ਦਾ ਪੰਜਵਾਂ ਦੌਰ 28 ਨਵੰਬਰ, 2022 ਨੂੰ ਨਵੀਂ ਦਿੱਲੀ ਵਿੱਚ ਹੋਇਆ। ਭਾਰਤੀ ਵਫ਼ਦ ਦੀ ਅਗਵਾਈ ਸਕੱਤਰ (ਪੱਛਮ) ਸ਼੍ਰੀ ਸੰਜੇ ਵਰਮਾ ਨੇ ਕੀਤੀ। ਅਜ਼ਰਬੇਜਾਨ ਦੇ ਉਪ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਏਲਨੂਰ ਮਾਮਾਦੋਵ ਨੇ ਅਜ਼ਰਬੇਜਾਨੀ ਵਫ਼ਦ ਦੀ ਅਗਵਾਈ ਕੀਤੀ। 28 ਜੁਲਾਈ, 2016 ਨੂੰ ਬਾਕੂ ਵਿੱਚ ਵਿਦੇਸ਼ ਦਫ਼ਤਰਾਂ ਦਾ ਚੌਥਾ ਸਲਾਹ-ਮਸ਼ਵਰਾ ਹੋਇਆ ਸੀ।

ਦੋਵਾਂ ਪੱਖਾਂ ਨੇ ਭਾਰਤ- ਅਜ਼ਰਬੇਜਾਨ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕੀਤੀ, ਜਿਸ ਵਿੱਚ ਰਾਜਨੀਤਿਕ, ਵਪਾਰਕ ਅਤੇ ਆਰਥਿਕ, ਕੌਂਸਲਰ, ਸੱਭਿਆਚਾਰ ਅਤੇ ਸਿੱਖਿਆ ਨਾਲ ਜੁੜੇ ਮਾਮਲੇ ਸ਼ਾਮਲ ਸਨ। ਖੇਤਰੀ ਮੁੱਦਿਆਂ ਅਤੇ ਸੰਯੁਕਤ ਰਾਸ਼ਟਰ ਅਤੇ ਹੋਰ ਬਹੁਪੱਖੀ ਸੰਸਥਾਵਾਂ ਵਿੱਚ ਸਹਿਯੋਗ ਬਾਰੇ ਵੀ ਵਿਚਾਰ- ਵਟਾਂਦਰਾ ਕੀਤਾ ਗਿਆ।

ਇਸ ਸਾਲ ਭਾਰਤ ਅਤੇ ਅਜ਼ਰਬੇਜਾਨ ਆਪਣੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 30ਵੀਂ ਵਰ੍ਹੇਗੰਢ ਮਨਾ ਰਹੇ ਹਨ। ਭਾਰਤ ਅਜ਼ਰਬੇਜਾਨ ਨੂੰ 1991 ਵਿੱਚ ਮਿਲੇ ਆਜ਼ਾਦੀ ਨੂੰ ਮਾਨਤਾ ਦੇਣ ਵਾਲੇ ਪਹਿਲੇ ਦੇਸ਼ਾਂ ਵਿੱਚੋਂ ਇੱਕ ਸੀ।

ਦੋਵਾਂ ਦੇਸ਼ਾਂ ਨੇ ਵੱਖ-ਵੱਖ ਖੇਤਰਾਂ ਖਾਸ ਤੌਰ 'ਤੇ ਵਪਾਰ, ਵਣਜ ਅਤੇ ਊਰਜਾ ਵਿੱਚ ਸਫ਼ਲਤਾਪੂਰਵਕ ਸਹਿਯੋਗ ਕੀਤਾ ਹੈ। ਦੁਵੱਲੇ ਵਪਾਰ ਵਿੱਚ ਕਈ ਗੁਣਾ ਵਾਧਾ ਹੋਇਆ ਹੈ ਅਤੇ ਅੱਜ ਇਹ ਲਗਭਗ 1 ਅਰਬ ਅਮਰੀਕੀ ਅਮਰੀਕੀ ਡਾਲਰ (ਜਨਵਰੀ-ਸਤੰਬਰ 2022) ਹੋ ਚੁੱਕਾ ਹੈ। ਅਜ਼ਰਬੇਜਾਨ ਭਾਰਤ ਲਈ ਕੱਚੇ ਤੇਲ ਦੇ ਮਹੱਤਵਪੂਰਨ ਸਪਲਾਇਰ ਵਜੋਂ ਉੱਭਰ ਰਿਹਾ ਹੈ। ONGC ਵਿਦੇਸ਼ ਲਿਮਿਟੇਡ ਦੀ ਅਜ਼ਰਬੇਜਾਨ ਦੇ ਹਾਈਡਰੋਕਾਰਬਨ ਖ਼ੇਤਰ ਵਿੱਚ ਕਾਫੀ ਸ਼ਮੂਲੀਅਤ ਹੈ।

ਅਜ਼ਰਬੇਜਾਨ 'ਚ ਕਰੀਬ 1400 ਭਾਰਤੀ ਰਹਿ ਰਹੇ ਹਨ। ਅਜ਼ਰਬੇਜਾਨ ਵੀ ਭਾਰਤੀ ਸੈਲਾਨੀਆਂ ਦੀ ਵਧਦੀ ਗਿਣਤੀ ਨੂੰ ਆਪਣੇ ਵੱਲ ਖਿੱਚ ਰਿਹਾ ਹੈ।

ਨਵੀਂ ਦਿੱਲੀ

28 ਨਵੰਬਰ, 2022

DISCLAIMER: This is an approximate translation. The original is available in English on MEA’s website and may be referred to as the official press release.